# ਜ਼ਿੰਦਗੀ ਦੀ ਰਾਸ

ਰਾਸ ਤੋਂ ਭਾਵ ਹੈ ਪੂੰਜੀ। ਪ੍ਰੀਤਲੜੀ ਦੀ ਇਹ ਪੁਸਤਕ ਪਹਿਲੀ ਵਾਰ 1957 ਵਿੱਚ ਪ੍ਰਕਾਸ਼ਿਤ ਹੋਈ। ਇਹ ਪੁਸਤਕ ਉਸਨੇ ਆਪਣੀ ਪਤਨੀ ਨੂੰ ਸਮਰਪਿਤ ਕੀਤੀ। ਇਸ ਪੁਸਤਕ ਵਿੱਚ ਕੁੱਲ 20 ਨਿਬੰਧ ਹਨ ਜਿਨ੍ਹਾਂ ਰਾਹੀਂ ਉਸਨੇ ਵੱਖ ਵੱਖ ਸਿਰਲੇਖਾਂ ਹੇਠ ਮਨੁੱਖੀ ਜ਼ਿੰਦਗੀ ਦੇ ਅਸਲ ਸਰਮਾਏ ਤੋਂ ਮਨੁੱਖ ਨੂੰ ਜਾਣੂ ਕਰਵਾਉਣ ਦਾ ਇੱਕ ਸੁਚੱਜਾ ਯਤਨ ਕੀਤਾ ਹੈ। ਇਸ ਯਤਨ ਲਈ ਉਹ ਜ਼ਿੰਦਗੀ, ਜ਼ਿੰਦਗੀ ਅਤੇ ਸਾਹਿਤ, ਕਲਾ, ਸੱਭਿਆਚਾਰ, ਖ਼ੁਸ਼ੀ, ਆਜ਼ਾਦੀ, ਵਿਗਿਆਨ, ਧਰਮ ਆਦਿ ਵਰਗੇ ਵਿਸ਼ਿਆਂ ਨੂੰ ਲੈਂਦਾ ਹੈ।

ਇਸ ਪੁਸਤਕ ਦੇ ਪਹਿਲੇ ਲੇਖ 'ਗਿਆਨ ਹੀ ਧਰਮ ਆਨੰਦ ਹੈ' ਰਾਹੀਂ ਉਸਨੇ ਮਨੁੱਖੀ ਜੀਵਨ ਵਿੱਚ ਗਿਆਨ ਦੀ ਮਹੱਤਤਾ ਨੂੰ ਦਰਸਾਇਆ ਹੈ। ਆਪਣੇ ਪਹਿਲੇ ਹੀ ਲੇਖ ਵਿੱਚ ਪਹਿਲੇ ਹੀ ਪਹਿਰੇ ਵਿੱਚ ਉਹ ਜ਼ਿੰਦਗੀ ਦੇ ਪਰਮ ਆਨੰਦ ਲਈ ਕਿਸੇ ਸਮਾਧੀ, ਸਿਮਰਨ ਜਾਂ ਪੂਜਾ ਦੀ ਬਜਾਏ ਬ੍ਰਹਿਮੰਡ ਦੀ ਸਮੁੱਚੀ ਅਸਲੀਅਤ ਦੇ ਗਿਆਨ ਨੂੰ ਆਧਾਰ ਦੱਸਦਾ ਹੈ। ਦ੍ਰਿਸ਼ਟਾਂਤ ਪੇਸ਼ ਕਰਦਾ ਹੋਇਆ ਉਹ ਲਿਖਦਾ ਹੈ ਕਿ ਜਿਸ ਤਰ੍ਹਾਂ ਮਨੁੱਖੀ ਸ਼ਰੀਰ ਅਰਬਾਂ ਜੀਵਨ-ਕਿਣਕਿਆਂ ਦੀ ਬਣੀ ਹੋਈ ਇੱਕ ਇਕਾਈ ਹੈ ਉਸੇ ਤਰ੍ਹਾਂ ਇਹ ਬ੍ਰਹਿਮੰਡ ਆਨੰਤ ਮਾਦੇ, ਅਣਗਿਣਤ ਤਾਰਿਆਂ, ਸੂਰਜਾਂ, ਚੰਨਾਂ, ਧਾਤਾਂ, ਗੈਸਾਂ ਆਦਿ ਤੋਂ ਬਣਿਆ ਹੈ। ਜੇ ਮਨੁੱਖ ਇਸ ਬ੍ਰਹਿਮੰਡ ਦੇ ਕਾਨੂੰਨਾਂ ਦੀ ਅਟੱਲਤਾ ਨੂੰ ਸਮਝਣ ਦਾ ਯਤਨ ਕਰਦਾ ਹੈ ਤਾਂ ਉਸਨੂੰ ਆਪਣੀ ਕਿਸੇ ਨਾ-ਕਾਮਯਾਬੀ ਉੱਤੇ ਗਿਲਾ ਨਹੀਂ ਰਹਿੰਦਾ। ਉਹ ਕਾਹਲਾ ਨਹੀਂ ਪੈਂਦਾ। ਉਹ ਈਰਖਾ ਜਾਂ ਨਫ਼ਰਤ ਨਹੀਂ ਕਰਦਾ ਅਤੇ ਉਸਨੂੰ ਹਰ ਹੋਣੀ ਆਨੰਤ ਹੋਂਦ ਦਾ ਵਿਕਾਸ ਨਜ਼ਰ ਆਉਂਦਾ ਹੈ। ਉਸਦਾ ਨਿੱਜੀ ਹਿੱਤ ਕੋਈ ਨਹੀਂ ਰਹਿੰਦਾ।

ਇਸ ਬ੍ਰਹਿਮੰਡ ਵਿੱਚ ਜ਼ਿੰਦਗੀ ਦੇ ਵਿਕਾਸ ਨੂੰ ਵੀ ਉਹ ਤਰਕ ਦੇ ਆਧਾਰ 'ਤੇ ਪੇਸ਼ ਕਰਦਾ ਹੈ। ਕਿਸੇ ਬ੍ਰਹਿਮੰਡ ਵਿਗਿਆਨੀ ਦੀ ਤਰ੍ਹਾਂ ਉਹ ਇਹ ਸਿਧਾਂਤ ਪੇਸ਼ ਕਰਦਾ ਹੈ ਕਿ ਲੱਖਾਂ ਕਰੋੜਾਂ ਵਰ੍ਹਿਆਂ ਵਿੱਚ ਮਾਦੇ ਨੇ ਜ਼ਿੰਦਗੀ ਦਾ ਰੂਪ ਧਾਰਿਆ। ਜ਼ਿੰਦਗੀ ਨੇ ਓੜਕ ਮਨੁੱਖੀ ਦਿਮਾਗ ਪੈਦਾ ਕਰ ਲਿਆ। ਇਸ ਦਿਮਾਗ ਦੀ ਚੇਤਨਤਾ ਉਤਾਂਹ ਚੜ੍ਹਦੀ ਗਈ, ਖ਼ਿਆਲ ਬਣੀ, ਧਰਮ ਬਣੀ, ਜਾਦੂਗਰੀ ਬਣੀ, ਸਾਇੰਸ ਬਣੀ, ਦੋਸਤੀ, ਪਿਆਰ, ਅਮਨ, ਵੈਰ, ਨਫ਼ਰਤ, ਜੰਗ, ਹੁਸਨ, ਇਸ਼ਕ , ਕੁਰਬਾਨੀ ਅਤੇ ਸੇਵਾ ਆਦਿ ਬਣੀ। ਇਹ ਕਾਤਲ ਵੀ ਬਣੀ, ਪ੍ਰੇਮੀ ਵੀ ਬਣੀ।

ਜ਼ਿੰਦਗੀ ਦੇ ਇਸ ਵਿਕਾਸ ਨੂੰ ਵਿਗਿਆਨਕ ਤਰੀਕੇ ਨਾਲ ਪੇਸ਼ ਕਰਦਿਆਂ ਪ੍ਰੀਤਲੜੀ ਬ੍ਰਹਿਮੰਡ ਸਬੰਧੀ ਗਿਆਨ ਨੂੰ ਵੀ ਪਰਮ ਆਨੰਦ ਦੱਸਦਾ ਹੈ। ਉਸ ਅਨੁਸਾਰ ਇਸ ਗਿਆਨ ਨੂੰ ਪ੍ਰਾਪਤ ਕਰਕੇ ਮਨੁੱਖ ਹਰ ਤਸ਼ੱਦਦ ਦੀ ਵਿਰੋਧਤਾ ਕਰਦਿਆਂ ਵੀ ਕੋਈ ਈਰਖਾ ਨਹੀਂ ਕਰਦਾ। ਕਿਸੇ ਨਾਲ ਵੀ ਕੋਈ ਦੁਸ਼ਮਣੀ ਨਹੀਂ ਰਹਿੰਦੀ। ਮੌਤ ਦਾ ਤੌਖ਼ਲਾ ਉੱਡ ਜਾਂਦਾ ਹੈ। ਸ਼ਖ਼ਸ ਕੁਝ ਵੀ ਨਹੀਂ, ਸਿਰਫ ਅਪਾਰ ਸ਼ਕਤੀ ਦਾ ਇੱਕ ਰੂਪ ਹੈ।

'ਵੱਸੇ ਜਿੱਥੇ ਆਜ਼ਾਦੀ ਉਹ ਮੇਰਾ ਦੇਸ਼' ਨਿਬੰਧ ਰਾਹੀਂ ਗੁਰਬਖ਼ਸ਼ ਸਿੰਘ ਮਨੁੱਖੀ ਜ਼ਿੰਦਗੀ ਵਿੱਚ ਆਜ਼ਾਦੀ ਤੇ ਮਹੱਤਵ ਦਾ ਜ਼ਿਕਰ ਕਰਦਾ ਹੈ। ਇਸ ਲੇਖ ਰਾਹੀਂ ਉਸਦੀ ਕਲਮ ਅਸਿੱਧੇ ਰੂਪ ਵਿੱਚ ਗੁਲਾਮ ਭਾਰਤ ਵਿੱਚ ਬਰਤਾਨਵੀ ਹਕੂਮਤ ਨਾਲ ਵਿਰੋਧ ਜਤਾਉਂਦੀ ਹੈ। ਉਸਦਾ ਲੇਖ ਪ੍ਰਸਿੱਧ ਅੰਗ੍ਰੇਜ਼ ਕਵੀ ਮਿਲਟਨ ਦੀ ਕਵਿਤਾ ਨਾਲ ਸ਼ੁਰੂ ਹੁੰਦਾ ਹੈ–

> ਮੇਰਾ ਦੇਸ਼ ਉਹ ਹੈ, ਜਿੱਥੇ ਆਜ਼ਾਦੀ ਦਾ ਵਸੇਬਾ ਹੈ।

ਇਸ ਨਿਬੰਧ ਵਿੱਚ ਉਹ ਸ੍ਵੈ-ਜੀਵਨੀ ਦੇ ਤੱਤ ਪੇਸ਼ ਕਰਦਾ ਹੈ। ਉਹ ਆਪਣੇ ਬਚਪਨ ਵਿੱਚ ਅੰਗ੍ਰੇਜ਼ੀ ਪਾਠਕ੍ਰਮ ਵਿੱਚ ਸ਼ਾਮਿਲ ਕਵਿਤਾ God Save The King ਨੂੰ ਜ਼ੁਬਾਨੀ ਨਾ ਸੁਣਾਉਣ ਕਾਰਨ ਸਕੂਲ ਵਿੱਚ ਵਿੱਚ ਪਈ ਮਾਰ ਨੂੰ ਯਾਦ ਕਰਦਾ ਹੈ। ਭੋਲੇ-ਭਾਲੇ ਬਚਪਨ ਵਿਚੋਂ ਅਸਿੱਧੇ ਰੂਪ ਵਿੱਚ ਗ਼ੁਲਾਮੀ ਪ੍ਰਤੀ ਨਫ਼ਰਤ ਵਿੱਚੋਂ ਗੁਣ ਗੁਣਾਈ ਸਤਰ 'God Take The King' ਨੂੰ ਵੀ ਯਾਦ ਕਰਦਾ ਹੈ। ਉਹ ਭਾਰਤ ਦੀ ਗ਼ੁਲਾਮੀ ਦੇ ਸਮੇਂ ਦੌਰਾਨ ਹੋਰ ਵੀ ਹੱਡ-ਬੀਤੀਆਂ ਦਾ ਜ਼ਿਕਰ ਕਰਦਾ ਹੈ। ਮੈਨੂੰ ਪੋਲੋ ਮੈਦਾਨ ਵਿਚੋਂ ਲੰਘਦਿਆਂ ਨੂੰ ਸਿਪਾਹੀ ਨੇ ਫੜ੍ਹ ਲਿਆ, ਇੰਜੀਨੀਅਰਿੰਗ ਕਾਲਜ ਵਿੱਚ ਅੰਗਰੇਜ ਪ੍ਰੋਫ਼ੈਸਰ ਨੂੰ ਸਲਾਮ ਨਾ ਕਰਨ ਬਦਲੇ ਨੰਬਰਾਂ ਦਾ ਜੁਰਮਾਨਾ ਸੁਣਾ ਦੇਣਾ, ਰਾਹ ਵਿੱਚ ਜਾਂਦਿਆਂ ਅੰਗਰੇਜ਼ ਦੁਆਰਾ ਪਤਲੂਨ 'ਚੋਂ ਹੱਥ ਬਾਹਰ ਕੱਢਣ ਲਈ ਕਹਿਣਾ।

ਅਜਿਹੀਆਂ ਹੱਡ-ਬੀਤੀਆਂ ਦਾ ਜ਼ਿਕਰ ਕਰਦਾ ਹੋਇਆ ਪ੍ਰੀਤਲੜੀ 1857 ਦੇ ਗ਼ਦਰ ਦਾ ਵੀ ਜ਼ਿਕਰ ਕਰਦਾ ਹੈ ਅਤੇ ਆਜ਼ਾਦੀ ਉੱਤੇ ਮਾਣ ਵੀ ਕਰਦਾ ਹੈ। ਉਹ ਪ੍ਰਸਿੱਧ ਅੰਗ੍ਰੇਜ਼ ਕਵੀ ਡਰਾਈਡਨ ਦੀ ਕਵਿਤਾ ਚੋਂ ਲਿਖਦਾ ਹੈ-

ਕਦੇ ਜੇ ਸਵਰਗ ਵਿੱਚ ਵੀ ਮੈਂ ਕੈਦ ਕੀਤਾ ਜਾਵਾਂ ਤਾਂ ਵੀ ਉੱਥੋਂ ਦੀਆਂ ਚਾਂਦੀ ਸੋਨੇ ਦੀਆਂ ਦੀਵਾਰਾਂ ਤੋਂ ਕੁੱਦ-ਛਾਲ

ਮਾਰਨ ਦੇ ਸ਼ੌਕ, ਮੇਰੀ ਪਹਿਲੀ ਰੀਝ ਹੋਣ।

ਸਾਰੇ ਜ਼ਹਾਨ ਲਈ ਆਜ਼ਾਦੀ ਦੀ ਕਾਮਨਾ ਹੋਇਆ ਇੱਕ ਕਾਵਿਕ ਪੰਕਤੀ ਨਾਲ ਲੇਖ ਦਾ ਅੰਤ ਕਰਦਾ ਹੈ—

ਜਿੱਥੇ ਵਸੇ ਆਜ਼ਾਦੀ, ਉਹ ਦੁਨੀਆਂ ਸਾਡੀ।

ਆਪਣੇ ਅਗਲੇ ਲੇਖ 'ਤਿਆਰ-ਬਰ-ਤਿਆਰ ਰਹਿਣਾ' ਰਾਹੀਂ ਉਹ ਭਵਿੱਖ ਦੀ ਵਜਾਏ ਵਰਤਮਾਨ ਵਿੱਚ ਜਿਉਣ ਦੀ ਜਾਚ 'ਤੇ ਜ਼ੋਰ ਦਿੰਦਾ ਹੈ। ਉਹ ਇਸ ਲੇਖ ਨੂੰ ਇੱਕ ਕਹਾਣੀ ਦਾ ਰੂਪ ਦੇ ਦਿੰਦਾ ਹੈ। ਉਸਦਾ ਇਹ ਲੇਖ ਕੁਝ ਇਸ ਤਰ੍ਹਾਂ ਸ਼ੁਰੂ ਹੁੰਦਾ ਹੈ। 100 ਵਰ੍ਹੇ ਦੀ ਉਮਰ ਵਾਲੇ ਪ੍ਰਸੰਨ ਚਿੱਤ ਆਦਮੀ ਨੂੰ ਕਿਸੇ ਨੇ ਉਹਦੀ ਪ੍ਰਸੰਨ ਉਮਰ ਦਾ ਭੇਤ ਪੁੱਛਿਆ......। ਪ੍ਰਸ਼ਨੋਤਰੀ ਸ਼ੈਲੀ ਵਿੱਚ ਇਸ ਵਾਰਤਾਲਾਪ ਨੂੰ ਪੇਸ਼ ਕਰਦਿਆਂ ਪ੍ਰੀਤਲੜੀ ਅਸਲ ਵਿੱਚ ਇੱਕ ਸਿਹਤਮੰਦ ਜੀਵਨ-ਜਾਚ ਬਾਰੇ ਦੱਸਦਾ ਹੋਇਆ ਲਿਖਦਾ ਹੈ—

ਗਮੀਆਂ ਚ ਘਬਰਾਉਣਾ ਨਹੀਂ,

ਖ਼ੁਸ਼ੀ ਦਾ ਆਖ਼ਰੀ ਪਲ ਵੀ ਗੁਆਉਣਾ ਨਹੀਂ,

ਰੋਟੀ ਸ਼ੌਕ ਨਾਲ ਖਾਣੀ , ਕੋਈ ਨੁਕਸ ਨਹੀਂ ਕੱਢਣਾ,

ਵਰਜਿਸ਼ ਕਰਨੀ,

ਇਸ਼ਨਾਨ ਕਰਨਾ ਵੱਡੀਆਂ ਖ਼ੁਸ਼ੀਆਂ ਚੋਂ ਇੱਕ ਹੋਣਾ,

ਕੁਦਰਤ ਦੇ ਅੰਗ-ਸੰਗ ਰਹਿਣਾ।

ਮੂਲ ਮੰਤਵ ਇਹ ਹੈ ਕਿ ਲਿਸ਼ਕਦੀ ਸਿਹਤ ਲਿਸ਼ਕਦੀਆਂ ਆਦਤਾਂ ਦਾ ਝਲਕਾਰਾ ਹੁੰਦੀ ਹੈ ਅਤੇ ਜ਼ਿੰਦਗੀ ਦੀਆਂ ਤਾਕਤਾਂ ਮੌਤ ਤੋਂ ਤਕੜੀਆਂ ਹੁੰਦੀਆਂ ਹਨ।

ਅਗਲੇ ਨਿਬੰਧ 'ਮੇਰੀ ਮਾਂ ਬੋਲੀ' ਵਿੱਚ ਉਹ ਕਾਵਿਕ ਅੰਦਾਜ਼ ਨਾਲ ਸ਼ੁਰੂ ਹੁੰਦਾ ਹੈ- ਮਨੁੱਖ ਬੋਲੀ ਮੇਰਾ ਸਿਮਰਨ ਹੈ ਅਤੇ ਮਾਂ ਬੋਲੀ ਦੇ ਸ਼ਬਦ ਮੇਰੀ ਮਾਲਾ ਹਨ। ਉਹ ਅੱਜ ਦੀ ਪੀੜ੍ਹੀ ਨੂੰ ਖ਼ੁਸ਼ ਕਿਸਮਤ ਆਖਦਾ ਹੈ ਜੋ ਕਿ ਸਕੂਲੀ ਪੜ੍ਹਾਈ ਆਪਣੀ ਮਾਂ ਬੋਲੀ ਵਿੱਚ ਕਰਦੇ ਹਨ। ਉਸ ਅਨੁਸਾਰ ਜਿਹੜੇ ਲੋਕਾਂ ਨੂੰ ਉਨ੍ਹਾਂ ਦੀ ਮਾਂ ਬੋਲੀ ਤੋਂ ਵਿਰਵਿਆਂ ਰੱਖਿਆਂ ਜਾਂਦਾ ਹੈ,ਉਹਨਾਂ ਦੇ ਜਜ਼ਬਿਆਂ ਦੇ ਕਈ ਭੰਡਾਰ ਬੰਦ ਹੀ ਪਏ ਰਹਿ ਜਾਂਦੇ ਹਨ। ਆਪਣੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਹਰ ਕਿਸੇ ਦੀ ਮਾਂ ਬੋਲੀ ਦਾ ਸਤਿਕਾਰ ਕਰਦੇ ਹਨ। ਉਹ ਖ਼ੁਸ਼ ਅੰਦਾਜ਼ ਵਿੱਚ ਆਪਣੇ ਇਸ ਲੇਖ ਦਾ ਅੰਤ ਕਰਦਾ ਹੋਇਆ ਲਿਖਦਾ ਹੈ-

ਵੱਡਭਾਗੀ ਹਨ ਅੱਜ ਦੇ ਨੌਜਵਾਨ।ਉਹਨਾਂ ਦੀ ਮਾਂ ਬੋਲੀ ਹੁਣ ਆਪਣੇ ਘਰ ਵਿੱਚ ਗੋਲੀ ਨਹੀਂ ਰਹੀ, ਰਾਣੀ ਬਣ ਗਈ ਹੈ।

ਇਸ ਤਰ੍ਹਾਂ ਬੋਲੀ ਸੰਬੰਧੀ ਇੱਕ ਹੋਰ ਲੇਖ 'ਬੋਲੀ' ਵਿੱਚ ਉਹ ਮਨੁੱਖੀ ਬੋਲੀ ਦੇ ਮਹੱਤਵ ਨੂੰ ਉਭਾਰਦਾ ਹੈ। ਇੱਕ ਗੂੜ੍ਹ ਸਮਾਜ-ਵਿਗਿਆਨੀ ਅਤੇ ਮਨੋ ਵਿਗਿਆਨੀ ਵਾਂਗ ਵਿਸ਼ਲੇਸ਼ਣ ਕਰਦਾ ਹੋਇਆ ਉਹ ਲਿਖਦਾ ਹੈ ਕਿ ਬੜੇ ਬੇਭਾਗ ਨੇ ਉਹ ਸ਼ਖ਼ਸ ਜਿਨ੍ਹਾਂ ਨੂੰ ਵੱਡਿਆਂ ਹੋ ਕੇ ਬਚਪਨ ਦੀ ਬੋਲੀ ਨਾਲੋਂ ਕੋਈ ਵੱਖਰੀ ਬੋਲੀ ਅਪਣਾਈ ਪੈਂਦੀ ਹੈ। ਉਹ ਸੰਬੋਧਨੀ ਸ਼ੈਲੀ ਵਿੱਚ ਆਗਾਹ ਕਰਦਾ ਹੈ ਕਿ ਮਾਪਿਆਂ, ਉਸਤਾਦਾਂ, ਛਾਬੜੀ ਵਾਲਿਆਂ, ਮਜ਼ਦੂਰਾਂ, ਲੱਕੜਾਂ ਪਾੜਣ ਵਾਲਿਆਂ, ਘੁੱਗੂ-ਘੋੜੇ ਵੇਚਣ ਵਾਲਿਆਂ ਤੇ ਚਰਵਾਹਿਆਂ ਕੋਲੋਂ ਇਹਦੇ ਸ਼ਬਦ ਸਿੱਖੋ ਤੇ ਸੰਭਾਲੋ।

ਆਪਣੇ ਇੱਕ ਹੋਰ ਲੇਖ 'ਮਾਂ' ਰਾਹੀਂ ਉਹ ਹਰ ਪਾਠਕ ਨੂੰ ਦੱਸਦਾ ਹੈ ਕਿ ਇਬਰਾਹਿਮ ਲਿੰਕਨ, ਟੈਗੋਰ, ਬਰਨਾਰਡ ਸ਼ਾਅ ਅਤੇ ਹੋਰ ਮਹਾਨ ਵਿਅਕਤੀ ਲਿੰਕਨ ਦੇ ਲਫ਼ਜ਼ਾਂ ਵਿੱਚ ਆਪਣੀਆਂ ਮਾਂਵਾਂ ਨੂੰ ਯਾਦ ਕਰਦੇ ਹਨ–

ਜੋ ਕੁਝ ਮੈਂ ਹਾਂ ਜਾਂ ਹੋਣ ਦੀ ਆਸ ਰੱਖਦਾ ਹਾਂ,
ਆਪਣੀ ਫ਼ਰਿਸ਼ਤਿਆਂ ਵਰਗੀ ਮਾਂ ਦੇ ਸਦਕਾ ਹਾਂ।

'ਜ਼ਿੰਦਗੀ ਦੀ ਅਤਿ ਸੋਹਣੀ ਰਾਸ' ਲੇਖ ਵਿੱਚ ਉਹ ਅੰਗਰੇਜ਼ ਕਵੀ ਕੋਲਰਿਜ ਅਤੇ ਚਾਰਲਸ ਡਿਕਨਜ਼ ਦਾ ਜ਼ਿਕਰ ਕਰਦਾ ਹੈ। ਮਨੁੱਖ ਦੀਆਂ ਅੰਤਰ ਮੁਖੀ ਸ਼ਕਤੀਆਂ ਬਾਰੇ ਜਾਗੂਰਕ ਕਰਦਾ ਹੋਇਆ ਪ੍ਰੀਤਲੜੀ ਲਿਖਦਾ ਹੈ ਕਿ ਮਨੁੱਖੀ ਸ਼ਰੀਰ ਵਿੱਚ ਹਰ ਸ਼ਕਤੀ ਲੋੜ ਨਾਲੋਂ ਕਿਤੇ ਵੱਧ ਪੈਦਾ ਹੁੰਦੀ ਹੈ। ਇਹ ਵਾਧੂ ਸ਼ਕਤੀ ਸੋਹਣੀਆਂ ਅਤੇ ਬਹਾਦੁਰ ਖੇਡਾਂ ਵਿੱਚ ਵਟ ਗਈ ਭਾਵ ਰੋਜ਼ਾਨਾ ਕਾਰਜਾਂ ਵਿੱਚ ਖਪਣ ਨਾਲੋਂ ਵਧੇਰੇ ਊਰਜਾ ਹੀ ਕਲਾ ਬਣਕੇ ਪੈਦਾ ਹੁੰਦੀ ਹੈ। ਉਹ ਲਿਖਦਾ ਹੈ ਕਿ ਇਹ ਸਾਰੀਆਂ ਸ਼ਕਤੀਆਂ ਵੱਧ ਹੈਨ ਪਰ ਅਮੁੱਕ ਨਹੀਂ। ਕਵਿਤਾ, ਚਿੱਤਰਕਾਰੀ, ਬੁੱਤਕਾਰੀ ਅਤੇ ਸੁਹਜ ਦਾ ਸਾਰਾ ਖੇੜਾ ਮਨੁੱਖੀ ਦਿਲ ਦੇ ਕੰਢਿਆਂ ਉੱਤੇ ਹੜ੍ਹ ਵਰਗੀਆਂ ਪਿਆਰ-ਲਹਿਰਾਂ ਹੀ ਹਨ।

'ਜ਼ਿੰਦਗੀ ਤੇ ਸਾਹਿਤ' ਲੇਖ ਵਿੱਚ ਉਹ ਸਪੱਸ਼ਟ ਕਰਦਾ ਹੈ ਕਿ ਸ੍ਵੈ-ਪੂਰਨਤਾ, ਖ਼ੁਸ਼ੀ ਅਤੇ ਖ਼ੁਦ ਮੁਖ਼ਤਾਰੀ ਦੀ ਤੜਫਣੀ ਨੂੰ ਚੰਗੀਆਂ ਸੇਧਾਂ ਵਿੱਚ ਪਾਣਾ ਸਾਹਿਤ ਦਾ ਕਰਤੱਵ ਹੈ। ਸਾਹਿਤਕਾਰ ਦਾ ਫ਼ਰਜ਼ ਇੰਜੀਨੀਅਰ, ਸਾਇੰਸਦਾਨ ਅਤੇ ਸਿਆਸਤਦਾਨ ਤੋਂ ਵੱਡਾ ਹੁੰਦਾ ਹੈ। ਪ੍ਰੀਤਲੜੀ ਲਿਖਦਾ ਹੈ ਕਿ ਕਾਲੀਦਾਸ , ਗੇਟੇ , ਸ਼ੈਕਸਪੀਅਰ, ਦਾਂਤੇ, ਵਿਟਮੈਨ, ਗੋਰਕੀ ਅਤੇ ਟੈਗੋਰ ਹਰ ਯੁੱਗ ਵਿੱਚ ਮਨੁੱਖੀ ਦਿਲ ਤੇ ਹੁਨਰ ਦੇ ਸਵਾਮੀ ਹੀ ਮੰਨੇ ਜਾਣਗੇ। ਸਾਹਿਤਕਾਰ ਮਨੁੱਖਤਾ ਦਾ ਮਨ ਅਤੇ ਮਨੁੱਖਤਾ ਦੀਆਂ ਅੱਖਾਂ ਹੁੰਦੇ ਹਨ, ਜੋ ਇਹ ਅੱਜ ਵੇਖਦੇ ਹਨ ਅਤੇ ਪਿਆਰਦੇ ਹਨ, ਉਹ ਕੱਲ੍ਹ ਦੀਆਂ ਮਨੁੱਖੀ ਨਸਲਾਂ ਦਾ ਜੀਵਨ ਬਣ ਜਾਂਦਾ ਹੈ। ਸਾਹਿਤਕਾਰ ਦੀਆਂ ਸੁਰਤੀਆਂ ਜਨ-ਸਾਧਾਰਨ ਨਾਲੋਂ ਵਧੇਰੇ ਕੋਮਲ ਹੁੰਦੀਆਂ ਹਨ।

(ਸਾਹਿਤ ਸਮਾਜ ਦਾ ਦਰਪਣ ਹੁੰਦਾ ਹੈ।) ਜਿਹੜੀ ਵੀ ਘਟਨਾ ਮਨੁੱਖ ਨੂੰ ਨੀਵਿਆਂ ਦਿਖਾ ਕੇ ਉਸਦੇ ਹੌਸਲੇ ਘਟੌਂਦੀ ਹੈ, ਉਸਦੇ ਖ਼ਿਲਾਫ਼ ਉਹ ਚਾਰੇ ਖੁਰ ਚੁੱਕ ਕੇ ਪੈ ਜਾਂਦਾ ਹੈ।

ਇਕ ਹੋਰ ਲੇਖ 'ਅਗਾਂਹ ਵਧੂ ਸਾਹਿਤ' ਰਾਹੀਂ ਪ੍ਰੀਤਲੜੀ ਮਨੁੱਖ ਨੂੰ ਕੁਦਰਤ ਸਬੰਧੀ ਉਸ ਦੀਆਂ ਸ਼ਕਤੀਆਂ ਅਤੇ ਸੰਭਾਵਨਾਵਾਂ ਤੋਂ ਜਾਣੂ ਕਰਵਾਉਣਾ ਅਗਾਂਹਵਧੂ ਸਾਹਿਤ ਦਾ ਫ਼ਰਜ਼ ਮੰਨਦਾ ਹੈ।

'ਕਲਾ ਅਤੇ ਉਸਦਾ ਕਰਤੱਵ' ਲੇਖ ਵਿੱਚ ਪ੍ਰੀਤਲੜੀ ਅਲੋਚਨਾਤਮਿਕ ਹੋ ਕੇ ਲਿਖਦਾ ਹੈ ਕਿ ਅਮੀਰ ਸ਼ੁਰੂ ਤੋਂ ਕਲਾ ਦੇ ਵਿਰੋਧੀ ਹੁੰਦੇ ਹਨ। ਇਹ ਵਿਕਟਰ ਹਿਉਗੋਆ ਨੂੰ ਕੈਦ ਕਰਦੇ, ਇਬਸਨਾਂ ਨੂੰ ਜਲੀਲ ਕਰਦੇ ਤੇ ਰੈਮਬਰਾਟਾਂ ਨੂੰ ਭੁੱਖਿਆਂ ਮਾਰਦੇ ਹਨ। ਉਹ ਲਿਖਦਾ ਹੈ ਕਿ ਕਲਾ ਅਮੀਰ ਦਾ ਦਿਲ ਪਰਚਾਵਾ ਤੇ ਜਨ-ਸਾਧਾਰਨ ਤੋਂ ਬੇ-ਵਾਸਤਾ ਨਹੀਂ ਹੁੰਦੀ ਬਲਕਿ ਇਸ ਤੋਂ ਉਲਟ ਹੁੰਦੀ ਹੈ। ਕਲਾ ਕੌਮਾਂ ਤੇ ਯੁੱਗਾਂ ਦਾ ਜੀਵਨ ਚਰਿੱਤਰ ਹੈ। ਉਸ ਅਨੁਸਾਰ ਕਲਾ ਦਾ ਮੁੱਖ ਕਰਤੱਵ ਮਨੁੱਖ ਨੂੰ ਮਨੁੱਖੀ ਜ਼ਿੰਦਗੀ ਦੇ ਮੂਲ ਮੰਤਵ ਨਾਲ ਇੱਕਮਿਕ ਰੱਖਣਾ ਅਤੇ ਉਸਨੂੰ ਇਸ ਮੰਤਵ ਦੇ ਪੂਰਾ ਕਰਨ ਲਈ ਵੱਧ ਤੋਂ ਵੱਧ ਪ੍ਰੇਰਨਾ ਹੈ।

ਇਸੇ ਤਰ੍ਹਾਂ 'ਲਿਖਾਰੀ ਦਾ ਕਰਤੱਵ ਤੇ ਟੀਚਾ' ਰਾਹੀਂ ਉਹ ਪੂਰੇ ਲੇਖ ਦਾ ਨਿਚੋੜ ਇੱਕ ਸਤਰ ਵਿੱਚ ਪੇਸ਼ ਕਰ ਜਾਂਦਾ ਹੈ। ਕਲਮ ਉਸੇ ਲਿਖਾਰੀ ਦੀ ਬੇ-ਅਟਕ ਚਲਦੀ ਰਹੇਗੀ ਜਿਸਨੇ ਦੁੱਖਾਂ-ਸੁੱਖਾਂ ਨੂੰ ਅਪਣਾ ਲਿਆ ਹੈ।

'ਸੱਭਿਆਚਾਰ' ਲੇਖ ਵਿੱਚ ਉਹ ਮਨੁੱਖ ਦੇ ਮਨੁੱਖ ਨਾਲ ਉੱਚੇ ਅਤੇ ਸਹਾਇਕ ਰਿਸ਼ਤੇ ਨੂੰ ਉੱਤਮ ਸੱਭਿਆਚਾਰ ਦੀ ਵਿਸ਼ੇਸ਼ਤਾ ਮੰਨਦਾ ਹੈ। ਇਸ ਲੇਖ ਵਿੱਚ ਉਹ ਮਾਕਸਵਾਦੀ ਵਿਚਾਰਧਾਰਾ ਦੇ ਤਹਿਤ ਵਿਸ਼ਲੇਸ਼ਣ ਕਰਦਾ ਨਜ਼ਰ ਆਉਂਦਾ ਹੈ। ਉਹ ਲਿਖਦਾ ਹੈ–

ਉੱਚਾ, ਡੂੰਘਾ ਅਤੇ ਵਧੀਆ ਸੱਭਿਆਚਾਰ ਮੰਗਦਾ ਹੈ ਕਿ ਮਨੁੱਖ ਦਾ ਰਿਸ਼ਤਾ ਆਪਣੇ ਸਾਥੀਆਂ ਨਾਲ ਉੱਚਾ ਅਤੇ ਸਹਾਇਕ ਹੋਵੇ। ਇਹ ਕਿਸੇ ਸ਼ਖ਼ਸ ਦੇ ਆਪਣੇ ਵੱਸ ਦੀ ਗੱਲ ਨਹੀਂ। ਸਾਥੀਆਂ ਨਾਲ ਰਿਸ਼ਤੇ ਦੀ ਨੀਂਹ ਕਿਸੇ ਮੁਲਕ ਵਿੱਚ ਪੈਦਾਵਾਰ ਦੇ ਸਾਧਨ ਉਨ੍ਹਾਂ ਦੀ ਮਾਲਕੀ 'ਤੇ ਨਿਰਭਰ ਕਰਦੀ ਹੈ। ਕਿਸੇ

ਮੁਲਕ ਵਿੱਚ ਪੈਦਾਵਾਰ ਧਨ ਕਿਸ ਤਰ੍ਹਾਂ ਵਰਤੇ ਜਾਂਦੇ ਹਨ, ਇਹ ਉਸ ਮੁਲਕ ਦੇ ਸੱਭਿਆਚਾਰ ਦੀ ਕੁੰਜੀ ਹੈ। ਧਾਰਮਿਕ ਨੇਮਾਂ ਨੂੰ ਸੱਭਿਆਚਾਰ ਦੀ ਕੁੰਜੀ ਸਮਝਣਾ ਗੱਡੀ ਪਿੱਛੇ ਘੋੜਾ ਜੋਣਾ ਹੈ। ਸਭ ਕਰਮ-ਧਰਮ ਸੱਭਿਆਚਾਰ ਦੇ ਬ੍ਰਿਛ ਦੀਆਂ ਟਾਹਣੀਆਂ ਹਨ ਅਤੇ ਇਸ ਬ੍ਰਿਛ ਦੀਆਂ ਜੜ੍ਹਾਂ ਪੈਦਾਵਾਰ ਦੇ ਸਾਧਨ ਅਤੇ ਉਹਨਾਂ ਦੀ ਵਰਤੋਂ ਦਾ ਸਮਾਜੀ ਪ੍ਰਬੰਧ ਹੈ। ਮਿਸਾਲ ਵਜੋਂ ਜੇ ਕਿਸੇ ਮੁਲਕ ਵਿੱਚ ਕਾਮਿਆਂ, ਕਿਸਾਨਾਂ ਅਤੇ ਸਰਮਾਏਦਾਰਾਂ ਦੀਆਂ ਜਮਾਤਾਂ ਹੋਣਗੀਆਂ ਤਾਂ ਇਹਨਾਂ ਦੇ ਵਸੀਲੇ ਵੱਖਰੇ ਹੋਣ ਕਰਕੇ, ਇਹਨਾਂ ਦੇ ਗਿਆਨ ਚ ਕਾਫ਼ੀ ਫ਼ਰਕ ਪੈ ਜਾਵੇਗਾ। ਪਰ ਇਹਨਾਂ ਦੀ ਦ੍ਰਿਸ਼ਟੀ ’ਚ ਬਹੁਤ ਫ਼ਰਕ ਨਹੀਂ ਪਵੇਗਾ, ਕਿਉਂਕਿ ਜਿੰਨੀ ਇੱਕ ਜਮਾਤ ਦਿ ਦ੍ਰਿਸ਼ਟੀ ਦਬਾਏ ਜਾਣ ਨਾਲ ਨੀਵੀਂ ਹੋ ਜਾਵੇਗੀ, ਓਨੀ ਹੀ ਦਬਾਉਣ ਵਾਲੀ ਜਮਾਤ ਦੀ ਦ੍ਰਿਸ਼ਟੀ ਦਬਾਊ ਸਾਧਨਾਂ ਨਾਲ ਜੁੜਿਆਂ ਰਹਿਣ ਦੀ ਮਜਬੂਰੀ ਕਰਕੇ ਨੀਵੀਂ ਰਹੇਗੀ। ਇਸ ਤਰੀਕੇ ਨਾਲ ਪ੍ਰੀਤਲੜੀ ਕਿਸੇ ਮਹਾਨ ਅਰਥ ਸ਼ਾਸਤਰੀ ਤੇ ਸਮਾਜ ਸ਼ਾਸਤਰੀ ਦੀ ਤਰ੍ਹਾਂ ਮਾਰਕਸਵਾਦੀ ਦਾਰਸ਼ਨਿਕਤਾ ਦੇ ਆਧਾਰ ’ਤੇ ਕਿਸੇ ਸਮਾਜ ਦੇ ਸੱਭਿਆਚਾਰ ਪਿੱਛੇ ਕੰਮ ਕਰਦੇ ਹੋਏ ਆਰਥਿਕ ਸੰਬੰਧਾਂ ਦਾ ਵਿਸ਼ਲੇਸ਼ਣ ਕਰ ਜਾਂਦਾ ਹੈ-

ਧਰਮ

↑

ਸੱਭਿਆਚਾਰ

↑

ਪੈਦਾਵਾਰ ਦੇ ਸਾਧਨ ਤੇ ਸਬੰਧ

↑

ਆਰਥਿਕਤਾ

ਗੁਰਬਖ਼ਸ਼ ਸਿੰਘ ਦਾ ਵਿਚਾਰ ਹੈ ਕਿ ਸੱਭਿਆਚਾਰ ਜ਼ਿੰਦਗੀ ਦੀਆਂ ਸਾਂਝਾਂ ਵਿਚੋਂ ਪੁਨਿਤ ਹੁੰਦੀ ਦ੍ਰਿਸ਼ਟੀ ਅਤੇ ਚੌੜਾ ਹੁੰਦਾ ਗਿਆਨ ਕਿਹਾ ਜਾ ਸਕਦਾ ਹੈ। ਜੇ ਇਹ ਸਾਂਝਾਂ ਗੈਰ ਕੁਦਰਤੀ ਜੱਦੋ-ਜਹਿਦ ਗਰਮਾਂਦੀਆਂ ਹਨ ਤਾਂ ਮਨੁੱਖਤਾ ਜਮਾਤਾਂ ਵਿੱਚ ਵੰਡੀ ਜਾਂਦੀ ਹੈ। ਉਹ ਇਹ ਵੀ ਭਵਿੱਖਵਾਣੀ ਕਰਦਾ ਹੈ ਕਿ ਕਿਸੇ ਸਮੇਂ ਹੇਠਲੇ ਵਰਗ ਹੱਲਾ ਬੋਲਣਗੇ ਅਤੇ ਫਿਰ ਬੇ-ਜਮਾਤ ਮਨੁੱਖਤਾ ਉਸਰੇਗੀ।

ਉਸ ਅਨੁਸਾਰ ਅਸਲੀਅਤ ਇਹ ਹੈ ਕਿ ਨਰਮ ਜਾਂ ਕਠੋਰ ਹੋਣਾ, ਦਇਆਵਾਨ ਜਾਂ ਜ਼ਾਲਮ ਹੋਣਾ ਨਿੱਜੀ ਫੈਸਲੇ ’ਤੇ ਨਿਰਭਰ ਨਹੀਂ। ਇਹ ਪ੍ਰਚੱਲਿਤ ਸਮਾਜੀ ਰਿਸ਼ਤਿਆਂ ਦੀ ਜ਼ਰੂਰਤ ਹੁੰਦੀ ਹੈ, ਕਿ ਚੰਗੀ ਜਾਂ ਮੰਦੀ-ਇਹ ਹੀ ਜ਼ਰੂਰਤ ਲੋਕਾਂ ਦਾ ਸੱਭਿਆਚਾਰ ਆਖੀ ਜਾਂਦੀ ਹੈ।ਉਹ ਭਵਿੱਖ ਦੇ ਸੱਭਿਆਚਾਰ ਦੀ ਗੱਲ ਕਰਦਾ ਹੋਇਆ ਲਿਖਦਾ ਹੈ ਕਿ ਹਰ ਸ਼ਖ਼ਸ ਲਈ ਮਨਪਸੰਦ ਰੁਜ਼ਗਾਰ ਮਿਲਣਾ, ਜ਼ਿੰਦਗੀ ਦਾ ਸਵਾਲ ਨਹੀਂ, ਜ਼ਿੰਦਗੀ ਦੀ ਬੁਨਿਆਦੀ ਸ਼ਰਤ ਹੋਵੇ।

‘ਖ਼ੁਸ਼ੀ ਦੀਆਂ ਬੁਨਿਆਦਾਂ” ਲੇਖ ਰਾਹੀਂ ਉਹ ਦੱਸਦਾ ਹੈ ਕਿ ਖ਼ੁਸ਼ੀ ਦਾ ਅਧਿਐਨ ਪੰਜ ਬੁਨਿਆਦੀ ਲੋੜਾਂ ’ਤੇ ਟਿਕਦਾ ਹੈ–

1. ਖਾਣ, ਪਹਿਨਣ ਤੇ ਸਵੈ ਰੱਖਿਆ ਦੀਆਂ ਕੁਦਰਤੀ ਲੋੜਾਂ ਤ੍ਰਿਪਤਾਣ ਲਈ ਘਾਲ ਕਰਨ ਦੇ ਮੌਕੇ ਹੋਣ।
2. ਉਪਰਲੇ ਮੌਕਿਆਂ ਦੀ ਵਰਤੋਂ ਕਰਕੇ ਜਿਹੜੀ ਸ਼ਖ਼ਸੀਅਤ ਮਨੁੱਖ ਬਣਾਂਦਾ ਹੈ, ਉਹਦੇ ਪ੍ਰਗਟ ਕਰਨ ਲਈ ਰਾਹ ਵਿੱਚ ਵੱਸੋਂ ਬਾਹਰੀਆਂ ਰੁਕਾਵਟਾਂ ਨਾ ਹੋਣ।
3.ਮਨੁੱਖ ਸਾਹਮਣੇ ਉੱਨਤੀ ਦੀ ਇੱਕ ਆਦਰਸ਼ਕ ਤਸਵੀਰ ਬਣਦੀ ਜਾਵੇ।

4,ਤਾਲੀਮ।

5.ਉਹ ਸਮਾਜ ਜੋ ਉੱਪਰਲੀਆਂ ਲੋੜਾਂ ਦੀ ਪੂਰਤੀ ਵਿੱਚ ਸਹਾਇਕ ਹੋਵੇ।

'ਪਿਆਰ' ਨਾਮ ਦੇ ਨਿਬੰਧ ਵਿੱਚ ਉਹ ਪਿਆਰ ਨੂੰ ਬਹੁਤ ਵੱਡੀ ਤਾਕਤ ਦੱਸਦਾ ਹੈ। ਕਿਸੇ ਮਨੋਵਿਗਿਆਨੀ ਵਾਂਗ ਉਹ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਮਨੁੱਖੀ ਮਨ ਦੀਆਂ ਅਨੇਕਾਂ ਹੀ ਕਲਾਵਾਂ ਹਨ, ਜਿਨ੍ਹਾਂ ਨੂੰ ਸਿਰਫ ਪਿਆਰ ਛੋਹ ਹੀ ਜਗਾ ਸਕਦੀ ਹੈ ਅਤੇ ਜ਼ਿੰਦਗੀ ਦਾ ਸਮੁੱਚਾ ਗਿਆਨ ਪਿਆਰ ਕੀਤੇ ਬਿਨਾਂ ਹਾਸਿਲ ਨਹੀਂ ਹੋ ਸਕਦਾ।

ਧਰਮ ਸਬੰਧੀ ਕੁਝ ਲੇਖ 'ਮਹਾਤਮਾ ਬੁੱਧ', 'ਗੁਰੂ ਨਾਨਕ', 'ਹਿੰਦੂ-ਸਿੱਖ ਭਾਈ -ਭਾਈ' ਨਾਮ ਹੇਠ ਇਸ ਪੁਸਤਕ ਵਿੱਚ ਦਰਜ ਹਨ। 'ਮਹਾਤਮਾ ਬੁੱਧ' ਲੇਖ ਤਹਿਤ ਪ੍ਰੀਤਲੜੀ ਲਿਖਦਾ ਹੈ ਕਿ ਮਨੁੱਖੀ ਜ਼ਿੰਦਗੀ ਵਿੱਚ ਪਹਿਲੀ ਵਾਰ ਮਨੁੱਖ ਦੀ ਮਹਾਨਤਾ ਦਾ ਗੀਤ ਕਿਸੇ ਨੇ ਗਾਇਆ ਸੀ ਤਾਂ ਉਹ ਮਹਾਤਮਾ ਬੁੱਧ ਸੀ। ਬੁੱਧ ਧਰਮ ਮਜ਼ਹਬ ਦੇ ਖੇਤਰ ਦਾ ਇੱਕ ਇਨਕਲਾਬ ਸੀ ਜਿਸ ਦਿਨ ਮਨੁੱਖੀ ਮਨ ਦੀਆਂ ਉਲਝਣਾਂ ਨੂੰ ਵਿਚਾਰ ਸ਼ਕਤੀ ਰਾਹੀਂ ਸੁਲਝਾਉਣ 'ਤੇ ਜ਼ੋਰ ਦਿੱਤਾ ਗਿਆ। ਪ੍ਰੀਤਲੜੀ ਲਿਖਦਾ ਹੈ ਕਿ ਅਸਲ ਵਿੱਚ ਮਨੁੱਖ ਦਾ ਯੁੱਗ ਬੁੱਧ ਤੋਂ ਸ਼ੁਰੂ ਹੁੰਦਾ ਹੈ ਅਤੇ ਉਸਤੋਂ ਪਹਿਲਾਂ ਪੂਜਾ ਅਤੇ ਪੁਜਾਰੀਆਂ ਦਾ ਯੁੱਗ ਸੀ।

'ਗੁਰੂ ਨਾਨਕ' ਲੇਖ ਵਿੱਚ ਉਹ ਗੁਰਬਾਣੀ ਦੀਆਂ ਤੁਕਾਂ ਵਰਤ ਕੇ ਗੱਲ ਕਰਦਾ ਹੈ। ਉਹ ਦੱਸਦਾ ਹੈ ਕਿ ਸਿੱਖਾਂ ਨੇ ਗੁਰੂ ਨਾਨਕ ਦੀਆਂ ਸਿੱਖਿਆਵਾਂ ਉੱਤੇ ਚਲਦਿਆਂ ਹੀ 1947 ਦੇ ਕਹਿਰਾਂ 'ਚੋਂ ਨਿਕਲ ਕੇ ਮੁੜ ਜ਼ਿੰਦਗੀ ਦੀ ਉਸਾਰੀ ਕੀਤੀ। ਉਹ ਗਰੀਬੀ ਅਤੇ ਦਲਿੱਦਰਤਾ ਨੂੰ ਹਰ ਗੁਨਾਹ ਤੇ ਬਦਅਖ਼ਲਾਕੀ ਦੇ ਸੋਮੇ ਦੱਸਦਾ ਹੈ।

'ਹਿੰਦੂ-ਸਿੱਖ ਭਾਈ-ਭਾਈ' ਲੇਖ ਵਿੱਚ ਉਹ ਛੂਤ-ਛਾਤ ਬਾਰੇ ਗੱਲ ਕਰਦਾ ਹੈ। ਇਸੇ ਪੁਸਤਕ ਵਿੱਚ ਉਹ ਧਰਮ ਦੇ ਨਾਲ ਨਾਲ ਵਿਗਿਆਨ ਦੀ ਗੱਲ ਵੀ ਕਰਦਾ ਹੈ। ਉਹ ਹਾਈਡ੍ਰੋਜਨ ਬੰਬਾਂ ਅਤੇ ਐਟਮ ਬੰਬਾਂ ਦਾ ਜ਼ਿਕਰ ਵੀ ਕਰਦਾ ਹੈ। ਐਟਮੀ ਸ਼ਕਤੀ ਪ੍ਰਤੀ ਪ੍ਰੀਤਲੜੀ ਬਹੁਤ ਆਸਵੰਦ ਨਜ਼ਰ ਆਉਂਦਾ ਹੈ। ਜਿੱਥੇ ਉਹ 'ਮਹਾਤਮਾ ਬੁੱਧ' ਲੇਖ ਵਿੱਚ ਬੁੱਧ ਧਰਮ ਨੂੰ ਮਜ਼ਬ ਦੇ ਖੇਤਰ ਦਾ ਇਨਕਲਾਬ ਦੱਸਦਾ ਹੈ, ਉੱਥੇ ਉਹ ਐਟਮੀ ਸ਼ਕਤੀ ਨੂੰ ਵੀ ਮਨੁੱਖੀ ਜ਼ਿੰਦਗੀ ਦਾ ਇਨਕਲਾਬੀ ਮੋੜ ਕਹਿੰਦਾ ਹੈ। ਪ੍ਰੀਤਲੜੀ ਆਸ਼ਾਵਾਦੀ ਹੈ ਕਿ ਐਟਮੀ ਸ਼ਕਤੀ ਸਭ ਨਫ਼ਰਤਾਂ ਅਤੇ ਵੈਰ ਵਿਰੋਧਾਂ ਨੂੰ ਖਤਮ ਕਰ ਦੇਵੇਗੀ। ਉਹ ਤਰਕ ਸਮੇਤ ਗੱਲ ਕਰਦਾ ਹੈ ਕਿ ਐਟਮੀ ਸ਼ਕਤੀ ਦੌਲਤ ਦਾ ਸਮੁੰਦਰ ਹੈ। ਇਹ ਊਰਜਾ ਕਈ ਹੋਰਨਾਂ ਮੁਲਕਾਂ ਉੱਤੇ ਹੁੰਦੇ ਅੱਤਿਆਚਾਰਾਂ ਨੂੰ ਖ਼ਤਮ ਕਰ ਦੇਵੇਗੀ। ਇੰਜੀਨੀਅਰ ਹੋਣ ਕਾਰਨ ਉਹ ਇਸ ਨੂੰ ਤਕਨੀਕੀ ਪੱਧਰ 'ਤੇ ਵੀ ਪੇਸ਼ ਕਰਦਾ ਹੈ। ਆਮ ਸੂਝ-ਬੂਝ ਵਿੱਚ ਵਾਧਾ ਕਰਦਾ ਹੋਇਆ ਉਹ ਲਿਖਦਾ ਹੈ ਕਿ ਕਈ ਗੱਡੀਆਂ ਕੋਇਲੇ ਦੀਆਂ ਵਰਤਣ ਦੀ ਬਜਾਏ ਬਹੁਤ ਥੋੜੀ ਯੂਰੇਨੀਅਮ ਦੀ ਧਾਤ ਹੀ ਕਾਫ਼ੀ ਹੈ ਪਰ ਇਸਨੂੰ ਵਰਤਣ ਦੇ ਵਸੀਲੇ ਕਠੋਰ ਹੱਥਾਂ ਵਿੱਚ ਹਨ ਜੋ ਪੁਰਾਣੇ ਕਾਰਖਾਨਿਆਂ ਵਿੱਚ ਕੋਈ ਪਰਿਵਰਤਨ ਨਹੀਂ ਚਾਹੁੰਦੇ। ਪ੍ਰੀਤਲੜੀ ਲਿਖਦਾ ਹੈ ਕਿ ਫਟੇ ਹੋਏ ਐਟਮ ਦਾ ਧਮਾਕਾ ਮਨੁੱਖੀ ਏਕਤਾ ਐਲਾਨ ਹੈ।

ਇਹ ਨੋਟਸ ਵੱਖ-ਵੱਖ ਖੋਜ ਪੱਤ੍ਰਿਕਾਵਾਂ, ਡਾ. ਟੀ.ਡੀ.ਜੋਸ਼ੀ, ਡਾ. ਬੂਟਾ ਸਿੰਘ ਬਰਾੜ,ਡਾ. ਹਰਿਭਜਨ ਸਿੰਘ, ਡਾ. ਜਗਬੀਰ ਸਿੰਘ, ਡਾ. ਬਿਕਰਮ ਸਿੰਘ ਘੁੰਮਣ, ਡਾ. ਬ੍ਰਹਮ ਜਗਦੀਸ਼ ਸਿੰਘ, ਡਾ. ਹਰਿਭਜਨ ਸਿੰਘ ਭਾਟੀਆ, ਡਾ. ਸੁਹਿੰਦਰ ਸਿੰਘ ਬੇਦੀ ਅਤੇ ਹੋਰ ਵਿਦਵਾਨਾਂ ਦੀਆਂ ਪੁਸਤਕਾਂ ਦੀ ਮੱਦਦ ਨਾਲ ਤਿਆਰ ਕੀਤੇ ਗਏ ਹਨ।